# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**13:40**

**ਮਿਤੀ : 01-10-2026**

## ਪਹਿਲਾਂ ਬੁਲੇਟਿਨ ਦੀਆਂ ਖ਼ਾਸ ਖਬਰਾਂ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਯੂ.ਪੀ.ਐਸ.ਸੀ ਦੇ ਸ਼ਤਾਬਦੀ ਸਮਾਰੋਹ ਨੂੰ ਸੰਬੋਧਨ ਕੀਤਾ.

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਸਰਕਾਰ ਹਥਿਆਰਬੰਦ ਫੌਜਾਂ ਵਿੱਚ ਤਾਲਮੇਲ ਅਤੇ ਏਕੀਕਰਨ 'ਤੇ ਬੇਹਦ ਜ਼ੋਰ ਦੇ ਰਹੀ ਏ।

- ਸਰਕਾਰ ਨੇ ਖੰਡ ਡੀਲਰਾਂ ਲਈ ਭੰਡਾਰ ਰੱਖਣ ਦੀ ਮਿਆਦ ਘਟਾ ਕੇ 15 ਦਿਨ ਕੀਤੀ ਤੇ ਭੰਡਾਰ ਰੱਖਣ ਦੀ ਸੀਮਾ ਇੱਕ ਹਜ਼ਾਰ ਕੁਇੰਟਲ ਤੈਅ ਕੀਤੀ ਗਈ ਏ .

- ਕੇਂਦਰੀ ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਭਾਰਤ-ਈਯੂ ਆਜ਼ਾਦ ਵਪਾਰ ਸਮਝੌਤੇ 'ਤੇ ਦਸਤਖਤ ਕਰਨ ਅਤੇ ਲਾਗੂ ਕਰਨ ਵੱਲ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ।

- ਏਸ਼ਿਆਈ ਖੇਡਾਂ ਵਿਚ ਭਾਰਤੀ ਕੰਪਾਊਂਡ ਤੀਰਅੰਦਾਜ਼, ਗਣੇਸ਼ ਮਣੀ ਰਤਨਮ ਤਿਰੂਮੂਰੂ ਨੇ ਮਰਦਾਂ ਦਾ ਵਿਅਕਤੀਗਤ ਕਾਂਸੀ ਦਾ ਤਮਗਾ ਜਿੱਤਿਆ ਏ.

- ਮਰਦਾਂ ਦੇ ਕ੍ਰਿਕਟ ਵਿੱਚ, ਭਾਰਤ ਨੇ ਸ੍ਰੀਲੰਕਾ ਨੂੰ 124 ਦੌੜਾਂ ਨਾਲ ਹਰਾ ਕੇ ਪਾਕਿਸਤਾਨ ਖਿਲਾਫ ਫਾਈਨਲ ਵਿਚ ਥਾਂ ਬਣਾ ਲਈ ਏ.

## ਹੁਣ ਖਬਰਾਂ ਵਿਸਥਾਰ ਨਾਲ

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਯੂ.ਪੀ.ਐਸ.ਸੀ ਦੇ 100 ਸਾਲਾਂ ਦੇ ਸਫ਼ਰ ਵਿੱਚ, ਪੀੜ੍ਹੀਆਂ, ਸਰਕਾਰਾਂ, ਤਕਨੋਲਜੀ ਅਤੇ ਸਿਲੇਬਸ ਬਦਲੇ ਨੇ, ਪਰ ਇਸ ਸੰਸਥਾ ਵਿੱਚ ਵਿਸ਼ਵਾਸ ਪਹਿਲਾਂ ਵਾਂਗ ਹੀ ਅਟੁੱਟ ਬਣਿਆ ਹੋਇਆ ਏ। ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਦੇ ਸ਼ਤਾਬਦੀ ਸਮਾਰੋਹ ਨੂੰ ਸੰਬੋਧਨ ਕਰਦਿਆਂ,

ਸ਼੍ਰੀ ਮੋਦੀ ਨੇ ਉਨ੍ਹਾਂ  ਨੌਜਵਾਨਾਂ ਨੂੰ ਜਨਤਕ ਸੇਵਾ ਵਿੱਚ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜੋ ਸਰਕਾਰੀ ਅਹੁਦਿਆਂ ਤੋਂ ਨਹੀਂ ਸਗੋਂ ਜਨਤਕ ਸੇਵਾ ਤੋਂ ਪ੍ਰੇਰਿਤ ਹੋਣ –

BYTE

ਉਨ੍ਹਾਂ ਕਿਹਾ ਕਿ ਅੱਜ, 21ਵੀਂ ਸਦੀ ਦਾ ਭਾਰਤ ਇੱਕ ਨਵੇਂ ਕਾਰਜ ਸੱਭਿਆਚਾਰ ਨਾਲ ਅੱਗੇ ਵਧ ਰਿਹਾ ਏ, ਜਿਸਦਾ ਮੁੱਖ ਸਿਧਾਂਤ ਲੋਕਾਂ ਪੱਖੀ ਸੁਖਾਵਾਂ ਹੋਣਾ, ਕਾਰਜਸ਼ੀਲ ਅਤੇ ਸੁਸ਼ਾਸਨ ਏ –

BYTE

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੰਤਰ "ਨਾਗਰਿਕ ਦੇਵੋ ਭਵ" ਏ, ਅਤੇ ਨਾਗਰਿਕਾਂ ਦੀ ਸੇਵਾ ਕਰਨਾ ਸਭ ਤੋਂ ਅਹਿਮ ਏ । ਉਨ੍ਹਾਂ ਕਿਹਾ ਕਿ ਯੂ.ਪੀ.ਐਸ.ਸੀ. ਅਤੇ ਰਾਜ ਲੋਕ ਸੇਵਾ ਕਮਿਸ਼ਨ ਵਰਗੇ ਅਦਾਰੇ ਦੇਸ਼ ਨੂੰ "ਵਿਕਸਿਤ ਭਾਰਤ" ਲਈ ਲੋੜੀਂਦੇ ਪ੍ਰਸ਼ਾਸਨ ਨੂੰ ਵੱਡੇ ਪੱਧਰ 'ਤੇ ਸਮਰੱਥ ਬਣਾਉਣਗੇ। ਸ਼੍ਰੀ ਮੋਦੀ ਨੇ ਕਿਹਾ ਕਿ ਅੱਜ ਭਰਤੀ ਕੀਤੇ ਜਾ ਰਹੇ ਨੌਜਵਾਨ "ਵਿਕਸਿਤ ਭਾਰਤ" ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਅਮਲਾ, ਲੋਕ ਸ਼ਿਕਾਇਤਾਂ ਅਤੇ ਪੈਨਸ਼ਨ ਬਾਰੇ ਰਾਜ ਮੰਤਰੀ, ਡਾ. ਜਿਤੇਂਦਰ ਸਿੰਘ ਨੇ ਕਿਹਾ ਕਿ ਯੂ.ਪੀ.ਐਸ.ਸੀ. ਨੇ ਪਿਛਲੇ ਬਾਰਾਂ ਸਾਲਾਂ ਵਿੱਚ ਕਈ ਮੀਲ ਪੱਥਰ ਹਾਸਿਲ ਕੀਤੇ ਨੇ ਅਤੇ ਨਵੇਂ ਪਹਿਲੂ ਜੋੜੇ ਨੇ. ਉਨ੍ਹਾਂ ਕਿਹਾ ਕਿ ਯੂ.ਪੀ.ਐਸ.ਸੀ. ਰਾਹੀਂ ਸਰਕਾਰੀ ਨਿਯੁਕਤੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਏ ਅਤੇ ਭਰਤੀ ਪ੍ਰਕਿਰਿਆ ਵਧੇਰੇ ਪਾਰਦਰਸ਼ੀ ਹੋ ਗਈ ਏ, ਜਿਸ ਨਾਲ ਜਨਤਾ ਦਾ ਭਰੋਸਾ ਵਧਿਆ ਏ। ਇਹ ਸਮਾਗਮ ਪਿਛਲੇ ਸਾਲ ਪਹਿਲੀ ਅਕਤੂਬਰ ਨੂੰ 1926 ਵਿੱਚ ਯੂ.ਪੀ.ਐਸ.ਸੀ ਦੀ ਸਥਾਪਨਾ ਦੀ 100ਵੀਂ ਵਰ੍ਹੇਗੰਢ ਦੀ ਯਾਦ ਵਿੱਚ ਸ਼ੁਰੂ ਹੋਏ ਇੱਕ ਸਾਲ ਭਰ ਦੇ ਜਸ਼ਨ ਦੇ ਅੰਤ ਨੂੰ ਦਰਸਾਉਂਦਾ ਏ। ਇਸ ਮੌਕੇ ਨੂੰ ਮਨਾਉਣ ਲਈ, ਪ੍ਰਧਾਨ ਮੰਤਰੀ ਮੋਦੀ ਨੇ ਯੂ.ਪੀ.ਐਸ.ਸੀ ਦਾ ਸ਼ਤਾਬਦੀ ਯਾਦਗਾਰੀ ਸਿੱਕਾ, ਇੱਕ ਯਾਦਗਾਰੀ ਡਾਕ ਟਿਕਟ, ਅਤੇ "‘100 Landmark Judgements- Shaping the Policies of UPSC and Public Service Commissions in India ਸਿਰਲੇਖ ਵਾਲੀ ਇੱਕ ਕਿਤਾਬ ਵੀ ਜਾਰੀ ਕੀਤੀ।

-------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਸਰਕਾਰ ਹਥਿਆਰਬੰਦ ਫੌਜਾਂ ਵਿੱਚ ਤਾਲਮੇਲ ਅਤੇ ਏਕੀਕਰਨ 'ਤੇ ਬੇਹਦ ਜ਼ੋਰ ਦੇ ਰਹੀ ਏ । ਅੱਜ ਨਵੀਂ ਦਿੱਲੀ ਵਿੱਚ ਰੱਖਿਆ ਲੇਖਾ ਦਿਵਸ 'ਤੇ ਬੋਲਦਿਆਂ, ਸ਼੍ਰੀ ਸਿੰਘ ਨੇ ਕਿਹਾ ਕਿ ਮਾਲੀ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨ ਨਾਲ ਸਮੁੱਚੇ ਰੱਖਿਆ ਪ੍ਰਬੰਧ ਵਿੱਚ ਸੁਧਾਰ ਹੋਵੇਗਾ ਅਤੇ ਇਸਨੂੰ ਹੋਰ ਵੀ ਕੁਸ਼ਲ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਰੱਖਿਆ ਲੇਖਾ ਵਿਭਾਗ ਪੂਰੇ ਰੱਖਿਆ ਮੰਤਰਾਲੇ ਨੂੰ ਜੋੜਨ ਵਾਲੀ ਇੱਕ ਮਹੱਤਵਪੂਰਨ ਕੜੀ ਏ ਅਤੇ ਰੱਖਿਆ ਸਿਲਸਿਲੇ ਦੀ ਰੀੜ੍ਹ ਏ-

BYTE

ਰੱਖਿਆ ਮੰਤਰੀ ਨੇ ਵਿਭਾਗ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਪ੍ਰਕਿਰਿਆਵਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗੁਣਵੱਤਾ ਆਡਿਟਿੰਗ ਦੇ ਸਭ ਤੋਂ ਵਧੀਆ ਢੰਗ – ਤਰੀਕਿਆਂ ਨੂੰ ਅਪਣਾਏ ਅਤੇ ਸ਼ਾਮਿਲ ਕਰੇ, ਅਤੇ ਦੇਸ਼ ਅਤੇ ਦੁਨੀਆ ਭਰ ਵਿੱਚ ਬਦਲਦੇ

ਮਾਪਦੰਡਾਂ ਨਾਲ ਤਾਲਮੇਲ ਰੱਖੇ। ਸ਼੍ਰੀ ਸਿੰਘ ਨੇ ਰਖਿਆ ਖੇਤਰ ਵਿਚ ਆਰਟੀਫਿਸ਼ਿਅਲ ਇੰਟੈਲਿਜੇਂਸ ਅਤੇ ਮਸ਼ੀਨ ਲਰਨਿੰਗ ਦੀ ਅਹਿਮੀਅਤ 'ਤੇ ਜ਼ੋਰ ਵੀ ਦਿੱਤਾ –

BYTE

ਸ਼੍ਰੀ ਸਿੰਘ ਨੇ ਕਿਹਾ ਕਿ ਪਿਛਲੇ ਮਾਲੀ ਸਾਲ ਦੌਰਾਨ ਖਰਚੇ ਦੀ ਬੁਕਿੰਗ ਕਰੀਬ 100 ਫੀਸਦੀ ਸੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਇੱਕ ਮਹੱਤਵਪੂਰਨ ਮੀਲ ਪੱਥਰ ਏ ਅਤੇ ਰੱਖਿਆ ਲੇਖਾ ਵਿਭਾਗ ਅਤੇ ਤਿੰਨਾਂ ਫੌਜਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਦਾ ਪ੍ਰਮਾਣ ਏ. ਸ਼੍ਰੀ ਸਿੰਘ ਨੇ ਕਿਹਾ ਕਿ ਇਹ ਪ੍ਰਾਪਤੀ ਵਸੀਲਿਆਂ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਣ ਵਿੱਚ ਉਨ੍ਹਾਂ ਦੀ ਅਟੁੱਟ ਵਚਨਬੱਧਤਾ, ਸਮਰਪਣ, ਸਖ਼ਤ ਮਿਹਨਤ ਅਤੇ ਕੁਸ਼ਲਤਾ ਨੂੰ ਦਰਸਾਉਂਦੀ ਏ ।

-----------------------------------------------

ਰਖਿਆ ਮੰਤਰਾਲੇ ਨੇ ਮਿਲਟਰੀ ਨਰਸਿੰਗ ਸੇਵਾ ਦੇ 101ਵੇਂ ਸਥਾਪਨਾ ਦਿਵਸ 'ਤੇ, ਉਨ੍ਹਾਂ ਸਾਰੇ ਨਰਸਿੰਗ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜੋ ਇੱਕ ਸਦੀ ਤੋਂ ਵੱਧ ਸਮੇਂ ਤੋਂ ਸਮਰਪਣ, ਹਮਦਰਦੀ ਅਤੇ ਸੇਵਾ ਦੀ ਭਾਵਨਾ ਨਾਲ ਬਹਾਦਰ ਫੌਜੀਆਂ ਅਤੇ

ਉਨ੍ਹਾਂ ਦੇ ਪਰਿਵਾਰਾਂ ਦੇ ਦੇਖਭਾਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਨੇ. ਮੰਤਰਾਲੇ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਮੁਸਕਰਾਹਟ ਦੇ ਨਾਲ ਸੇਵਾ ਦੀ ਭਾਵਨਾ ਨਾਲ, ਇਹ ਸਮਰਪਿਤ ਮੁਲਾਜ਼ਮ, ਸਿਹਤ ਸੰਭਾਲ ਦੇ ਖੇਤਰ ਵਿੱਚ ਆਪਣੇ ਅਟੁੱਟ ਯੋਗਦਾਨ ਰਾਹੀਂ ਸੇਵਾ ਅਤੇ ਮਨੁੱਖਤਾ ਦੀ ਇੱਕ ਮਿਸਾਲ ਕਾਇਮ ਕਰ ਰਹੇ ਨੇ.

-------------------------------------------------------

ਸਰਕਾਰ ਨੇ ਖੰਡ ਡੀਲਰਾਂ ਲਈ ਭੰਡਾਰ ਰੱਖਣ ਦੀ ਮਿਆਦ ਘਟਾ ਕੇ 15 ਦਿਨ ਕਰ ਦਿੱਤੀ ਏ ਅਤੇ ਭੰਡਾਰ ਰੱਖਣ ਦੀ ਸੀਮਾ ਇੱਕ ਹਜ਼ਾਰ ਕੁਇੰਟਲ ਤੈਅ ਕੀਤੀ ਏ, ਜੋ ਇਸ ਮਹੀਨੇ ਦੀ 15 ਤਰੀਕ ਤੋਂ ਲਾਗੂ ਹੋਵੇਗੀ। ਇਹ ਇਸ ਸਾਲ ਨਵੰਬਰ ਤੱਕ ਲਾਗੂ ਰਹੇਗੀ। ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਕਿ ਸਰਕਾਰ ਨੇ ਤਿਉਹਾਰਾਂ ਦੇ ਸਮੇਂ ਦੌਰਾਨ ਜਮ੍ਹਾਂਖੋਰੀ ਨੂੰ ਰੋਕਣ ਅਤੇ ਖਪਤਕਾਰਾਂ ਨੂੰ ਸੁਚਾਰੂ ਸਪਲਾਈ ਯਕੀਨੀ ਬਣਾਉਣ ਲਈ ਖੰਡ ਭੰਡਾਰ ਰੱਖਣ ਦੇ ਨੇਮਾਂ ਨੂੰ ਸੋਧਿਆ ਏ । ਮੰਤਰਾਲੇ ਨੇ ਕਿਹਾ ਏ ਕਿ ਔਸਤ ਪ੍ਰਚੂਨ ਖੰਡ ਦੀਆਂ ਕੀਮਤਾਂ ਅਗਸਤ ਤੋਂ 15 ਫੀਸਦੀ ਘੱਟ ਗਈਆਂ ਨੇ ਅਤੇ ਹੋਰ ਵੀ ਘਟਣ ਦੀ ਉਮੀਦ ਏ । ਮਿਲ ਦੀ ਪ੍ਰਕਿਰਿਆ ਤੋਂ

ਬਾਅਦ ਦੀਆਂ ਖੰਡ ਦੀਆਂ ਕੀਮਤਾਂ ਵਿੱਚ ਵੀ ਕਰੀਬ 28 ਫੀਸਦੀ ਦੀ ਗਿਰਾਵਟ ਆਈ ਏ ਅਤੇ ਪਿਛਲੇ ਤਿੰਨ ਹਫ਼ਤਿਆਂ ਦੌਰਾਨ ਸਥਿਰ ਰਹੀਆਂ ਨੇ |

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਕੁਦਰਤ ਦੇ ਸੰਤੁਲਨ ਨੂੰ ਬਣਾਈ ਰੱਖਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਕੀਮਤੀ ਵਿਰਸੇ ਨੂੰ ਸੁਰੱਖਿਅਤ ਰੱਖਣ ਲਈ ਜੰਗਲਾਂ ਅਤੇ ਜੰਗਲੀ ਜੀਵਾਂ ਦੀ ਰੱਖਿਆ ਕਰਨਾ ਜ਼ਰੂਰੀ ਏ । ਜੰਗਲੀ ਜੀਵ ਹਫਤੇ 2026 ਦੇ ਮੌਕੇ 'ਤੇ ਆਪਣੇ ਸੰਦੇਸ਼ ਵਿੱਚ, ਸ਼੍ਰੀ ਮੋਦੀ ਨੇ ਨਾਗਰਿਕਾਂ ਨੂੰ ਜੰਗਲੀ ਜੀਵਾਂ ਅਤੇ ਉਨ੍ਹਾਂ ਦੇ ਨਿਵਾਸ ਸਥਾਨਾਂ ਦੀ ਰੱਖਿਆ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

---------------------------------------------------

ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਸੋਸ਼ਲ ਮੀਡੀਆ 'ਤੇ ਚਲ ਰਿਹਾ ਇੱਕ ਗਜ਼ਟ ਨੋਟੀਫਿਕੇਸ਼ਨ ਜਿਸ ਵਿੱਚ ਦਾਅਵਾ ਕੀਤਾ ਗਿਆ ਏ ਕਿ ਸਾਰੇ ਸ਼ਨੀਚਰਵਾਰਾਂ ਨੂੰ ਜਨਤਕ ਖੇਤਰ ਦੇ ਬੈਂਕਾਂ ਲਈ ਜਨਤਕ ਛੁੱਟੀਆਂ ਐਲਾਨੀਆਂ ਗਈਆਂ ਨੇ, ਝੂਠਾ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਪ੍ਰੈਸ ਸੂਚਨਾ ਬਿਊਰੋ ਦੀ ਤੱਥ ਜਾਂਚ

ਇਕਾਈ ਨੇ ਕਿਹਾ ਕਿ ਕੇਂਦਰੀ ਖਜ਼ਾਨਾ ਮੰਤਰਾਲੇ ਵਲੋਂ ਅਜਿਹੀ ਕੋਈ ਸੂਚਨਾ ਜਾਰੀ ਨਹੀਂ ਕੀਤੀ ਗਈ ਏ. ਪੀ.ਆਈ.ਬੀ. ਨੇ ਨਾਗਰਿਕਾਂ ਨੂੰ ਅਪੀਲ ਕੀਤੀ ਏ ਕਿ ਉਹ ਅਧਿਕਾਰਤ ਵਸੀਲਿਆਂ ਤੋਂ ਜਾਣਕਾਰੀ 'ਤੇ ਭਰੋਸਾ ਕਰਨ ਤੋਂ ਪਹਿਲਾਂ ਹਮੇਸ਼ਾ ਉਨ੍ਹਾਂ ਦੀ ਪ੍ਰਸ਼ਟੀ ਕਰਨ।

-----------------------------------------------------

ਬ੍ਰਾਜ਼ੀਲ ਅਤੇ ਭਾਰਤ, ਮਰਕੋਸੁਰ ਨਾਲ ਆਪਣੇ ਮੌਜੂਦਾ ਤਰਜੀਹੀ ਵਪਾਰ ਸਮਝੌਤੇ (ਪੀ.ਟੀ.ਏ.) ਨਾਲ ਅੱਗੇ ਵਧ ਰਹੇ ਨੇ. ਮਰਕੋਸੁਰ ਦੱਖਣੀ ਅਮਰੀਕੀ ਦੇਸ਼ਾਂ ਦਾ ਇੱਕ ਵਪਾਰਕ ਸਮੂਹ ਏ ਜਿਸ ਵਿੱਚ ਬ੍ਰਾਜ਼ੀਲ ਅਤੇ ਹੋਰ ਦੱਖਣੀ ਅਮਰੀਕੀ ਆਰਥਿਕਤਾਵਾਂ ਸ਼ਾਮਿਲ ਨੇ. ਬ੍ਰਾਜ਼ੀਲ ਦੇ ਵਿਕਾਸ, ਸਨਅਤ, ਵਪਾਰ ਅਤੇ ਸੇਵਾਵਾਂ ਮੰਤਰੀ ਮਾਰਸ਼ੀਓ ਏਲੀਅਸ ਰੋਜ਼ਾ ਨੇ ਕਿਹਾ ਕਿ ਮੌਜੂਦਾ ਸਮਝੌਤਾ ਸਿਰਫ 450 ਟੈਰਿਫ ਲਾਈਨਾਂ ਨੂੰ ਕਵਰ ਕਰਦਾ ਏ ਅਤੇ ਇਹ ਬੇਹਦ ਸੀਮਿਤ ਏ. ਅਮਰੀਕਾ ਵਿੱਚ ਜੀ-20 ਵਪਾਰ ਮੰਤਰੀਆਂ ਦੀ ਮੀਟਿੰਗ ਦੌਰਾਨ ਭਾਰਤੀ ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨਾਲ ਮੁਲਾਕਾਤ ਤੋਂ ਬਾਅਦ, ਸ਼੍ਰੀ ਰੋਜ਼ਾ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਵਿਆਪਕ ਗੱਲਬਾਤ ਲਈ ਇੱਕ ਢਾਂਚੇ ਨੂੰ ਅੰਤਿਮ ਰੂਪ

ਦੇ ਦਿੱਤਾ ਏ । ਉਨ੍ਹਾਂ ਕਿਹਾ ਕਿ ਇਹ ਦੋਵਾਂ ਧਿਰਾਂ ਨੂੰ ਵਪਾਰ ਸਮਝੌਤੇ ਦੇ ਪਸਾਰ ਲਈ ਠੋਸ ਤਜਵੀਜ਼ ਵਿਕਸਿਤ ਕਰਨ ਵਿੱਚ ਮਦਦ ਕਰੇਗਾ।

-------------------------------------------------------

ਕੇਂਦਰੀ ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਭਾਰਤ-ਈਯੂ ਆਜ਼ਾਦ ਵਪਾਰ ਸਮਝੌਤੇ 'ਤੇ ਦਸਤਖਤ ਕਰਨ ਅਤੇ ਲਾਗੂ ਕਰਨ ਵੱਲ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਮਰੀਕਾ ਵਿੱਚ ਜੀ- 20 ਵਪਾਰ ਮੰਤਰੀਆਂ ਦੀ ਮੀਟਿੰਗ ਦੇ ਮੌਕੇ 'ਤੇ ਵਪਾਰ ਅਤੇ ਆਰਥਿਕ ਸੁਰੱਖਿਆ ਲਈ ਯੂਰਪੀਅਨ ਕਮਿਸ਼ਨਰ ਮਾਰੋਸ ਸੇਫਕੋਵਿਚ ਨਾਲ ਗੱਲਬਾਤ ਕੀਤੀ । ਦੋਵਾਂ ਧਿਰਾਂ ਨੇ ਭਾਰਤ-ਈਯੂ ਵਪਾਰ ਅਤੇ ਤਕਨੋਲਜੀ ਕੌਂਸਲ, ਡਬਲਯੂ.ਟੀ.ਓ ਸੁਧਾਰ, ਅਤੇ ਜੀ-20 ਵਿੱਚ ਸਾਂਝੀਆਂ ਤਰਜੀਹਾਂ 'ਤੇ ਵੀ ਵਿਚਾਰ – ਵਟਾਂਦਰਾ ਕੀਤਾ. ਭਾਰਤ ਅਤੇ ਈਯੂ ਨੇ ਇਸ ਸਾਲ 27 ਜਨਵਰੀ ਨੂੰ ਵਪਾਰ ਸਮਝੌਤੇ ਲਈ ਗੱਲਬਾਤ ਪੂਰੀ ਕੀਤੀ; ਇਹ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਅਤੇ 2022 ਵਿੱਚ ਇਸ ਨੂੰ ਮੁੜ੍ਹ ਤੋਂ ਸ਼ੁਰੂ ਕੀਤਾ ਗਿਆ ਸੀ. ਯੂਰਪੀਅਨ ਕਮਿਸ਼ਨ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਸਮਝੌਤੇ 'ਤੇ ਦਸਤਖਤ

ਕਰਨ ਅਤੇ ਅੰਤਿਮ ਰੂਪ ਦੇਣ ਲਈ ਪ੍ਰਵਾਨਗੀ ਲਈ ਈਯੂ ਕੌਂਸਲ ਨੂੰ ਸਮਝੌਤਾ ਸੌਂਪਿਆ। ਵਪਾਰ ਅਤੇ ਸਨਅਤ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਕਿਹਾ ਏ ਕਿ ਇਹ ਸਮਝੌਤਾ ਵਪਾਰ ਅਤੇ ਨਿਵੇਸ਼ ਲਈ ਹੋਰ ਮੌਕੇ ਪੈਦਾ ਕਰੇਗਾ, ਜਦੋਂ ਕਿ ਤਕਨੌਲਜੀ ਤਬਾਦਲੇ, ਸਥਾਨਕ ਨਿਰਮਾਣ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ-ਏ.ਆਈ. ਭਾਰਤ ਦੇ ਸਨਅਤੀ ਵਿਕਾਸ ਦੇ ਅਗਲੇ ਪੜਾਅ ਵਿੱਚ ਮਦਦ ਕਰੇਗਾ।

---------------------------------------------------------

ਭਾਰਤੀ ਕੰਪਾਊਂਡ ਤੀਰਅੰਦਾਜ਼, ਗਣੇਸ਼ ਮਣੀ ਰਤਨਮ ਤਿਰੂਮੂਰੂ ਨੇ ਅੱਜ ਏਸ਼ਿਆਈ ਖੇਡਾਂ ਵਿੱਚ ਮਰਦਾਂ ਦਾ ਵਿਅਕਤੀਗਤ ਕਾਂਸੀ ਦਾ ਤਮਗਾ ਜਿੱਤਿਆ ਏ. ਸਕੁਐਸ਼ ਵਿੱਚ, ਭਾਰਤ ਦੀ ਔਰਤਾਂ ਟੀਮ ਨੂੰ ਸੈਮੀਫਾਈਨਲ ਵਿੱਚ ਹਾਂਗਕਾਂਗ ਤੋਂ 1-2 ਨਾਲ ਹਾਰਨ ਤੋਂ ਬਾਅਦ ਕਾਂਸੀ ਦੇ ਤਮਗੇ ਨਾਲ ਸਬਰ ਕਰਨਾ ਪਿਆ। ਇਸ ਦੌਰਾਨ, sepak-takraw ਵਿੱਚ, ਭਾਰਤ ਨੇ ਮਰਦਾਂ ਦੇ ਕੁਆਡਰੈਂਟ ਮੁਕਾਬਲੇ ਵਿੱਚ ਵੀਅਤਨਾਮ ਨੂੰ 2-0 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕਰਕੇ ਘੱਟੋ-ਘੱਟ ਇੱਕ ਕਾਂਸੀ ਦਾ ਤਮਗਾ ਪੱਕਾ ਕਰ ਲਿਆ ਏ।

ਇਸ ਦੌਰਾਨ, ਮਰਦਾਂ ਦੇ ਕ੍ਰਿਕਟ ਵਿੱਚ, ਭਾਰਤ ਨੇ ਸ਼੍ਰੀਲੰਕਾ ਨੂੰ 124 ਦੌੜਾਂ ਨਾਲ ਹਰਾ ਕੇ ਪਾਕਿਸਤਾਨ ਖਿਲਾਫ ਫਾਈਨਲ ਵਿਚ ਥਾਂ ਬਣਾ ਲਈ ਏ.

----------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਯੂ.ਪੀ.ਐਸ.ਸੀ ਦੇ ਸ਼ਤਾਬਦੀ ਸਮਾਰੋਹ ਨੂੰ ਸੰਬੋਧਨ ਕੀਤਾ.

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਸਰਕਾਰ ਹਥਿਆਰਬੰਦ ਫੌਜਾਂ ਵਿੱਚ ਤਾਲਮੇਲ ਅਤੇ ਏਕੀਕਰਨ 'ਤੇ ਬੇਹਦ ਜ਼ੋਰ ਦੇ ਰਹੀ ਏ।

- ਸਰਕਾਰ ਨੇ ਖੰਡ ਡੀਲਰਾਂ ਲਈ ਭੰਡਾਰ ਰੱਖਣ ਦੀ ਮਿਆਦ ਘਟਾ ਕੇ 15 ਦਿਨ ਕੀਤੀ ਤੇ ਭੰਡਾਰ ਰੱਖਣ ਦੀ ਸੀਮਾ ਇੱਕ ਹਜ਼ਾਰ ਕੁਇੰਟਲ ਤੈਅ ਕੀਤੀ ਗਈ ਏ .

- ਕੇਂਦਰੀ ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਭਾਰਤ-ਈਯੂ ਆਜ਼ਾਦ ਵਪਾਰ ਸਮਝੌਤੇ 'ਤੇ ਦਸਤਖਤ ਕਰਨ ਅਤੇ ਲਾਗੂ ਕਰਨ ਵੱਲ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ।

- ਏਸ਼ਿਆਈ ਖੇਡਾਂ ਵਿਚ ਭਾਰਤੀ ਕੰਪਾਊਂਡ ਤੀਰਅੰਦਾਜ਼, ਗਣੇਸ਼ ਮਣੀ ਰਤਨਮ ਤਿਰੂਮੂਰੂ ਨੇ ਮਰਦਾਂ ਦਾ ਵਿਅਕਤੀਗਤ ਕਾਂਸੀ ਦਾ ਤਮਗਾ ਜਿੱਤਿਆ ਏ.

- ਮਰਦਾਂ ਦੇ ਕ੍ਰਿਕਟ ਵਿੱਚ, ਭਾਰਤ ਨੇ ਸ੍ਰੀਲੰਕਾ ਨੂੰ 124 ਦੌੜਾਂ ਨਾਲ ਹਰਾ ਕੇ ਪਾਕਿਸਤਾਨ ਖਿਲਾਫ ਫਾਈਨਲ ਵਿਚ ਥਾਂ ਬਣਾ ਲਈ ਏ.

---------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ ‘ਤੇ ਹੋਏਗਾ**

**ਨਮਸ੍ਕਾਰ**